# MyCARE

ਹਰ ਕਦਮ, ਮੇਰੇ ਨਾਲ




"ਆਓ ਅਸੀਂ ਅਜਿਹੇ ਲੋਕਾਂ ਵਿੱਚ
ਇਨਸੁਲਿਨ ਬਾਰੇ ਹੋਰ
ਜਾਣਕਾਰੀ ਲਈਏ, ਜਿਹਨਾਂ ਨੂੰ ਹੈ
**ਟਾਈਪ 2 ਡਾਇਅਬੀਟੀਜ਼**"

USV


ਜਦੋਂ ਤੁਸੀਂ ਖਾਣਾ ਖਾਂਦੇ ਹੋ
ਇਸ ਵਿਚਲਾ ਕਾਰਬੋਹਾਈਡ੍ਰੇਟ ਗਲੂਕੋਜ਼
ਵਿੱਚ ਬਦਲ ਜਾਂਦਾ ਹੈ ਅਤੇ ਫਿਰ
**ਲਹੂ ਦੇ ਪ੍ਰਵਾਹ ਵਿੱਚ ਮਿਲ ਜਾਂਦਾ ਹੈ**




ਜਦੋਂ ਤੁਹਾਡੇ ਬਲੱਡ ਸ਼ੁਗਰ ਦਾ ਪੱਧਰ
ਵਧਦਾ ਹੈ, ਤਾਂ **ਪੈਂਕ੍ਰੀਅਸ**
**ਇਕ ਹਾਰਮੋਨ ਛੱਡਦਾ ਹੈ,**
**ਜਿਹਨੂੰ ਇਨਸੁਲਿਨ ਕਹਿੰਦੇ ਹਨ**




ਇਨਸੁਲਿਨ ਸ਼ੁਗਰ (ਗਲੂਕੋਜ਼) **ਨੂੰ**
**ਲਹੂ ਦੇ ਪ੍ਰਵਾਹ ਤੋਂ ਸਰੀਰ ਦੇ ਸੈੱਲਾਂ ਵਿੱਚ**
ਭੇਜਣ ਵਿੱਚ ਮਦਦ ਕਰਦਾ ਹੈ,
ਜਿੱਥੇ ਗਲੂਕੋਜ਼ ਊਰਜਾ ਲਈ
ਵਰਤਿਆ ਜਾਂਦਾ ਹੈ।



**ਟਾਈਪ 2 ਡਾਇਅਬੀਟੀਜ਼** ਵਿੱਚ,
ਸਰੀਰ ਜਾਂ ਤਾਂ ਆਪਣਾ ਬਣਾਇਆ
ਇਨਸੁਲਿਨ ਚੰਗੀ ਤਰ੍ਹਾਂ ਵਰਤ
ਨਹੀਂ ਸਕਦਾ ਜਾਂ ਫਿਰ ਲੋੜ ਅਨੁਸਾਰ
ਇਨਸੁਲਿਨ ਪੈਦਾ ਨਹੀਂ ਕਰ ਸਕਦਾ,
ਜਿਸ ਕਰਕੇ **ਲਹੂ ਦੇ ਪ੍ਰਵਾਹ ਵਿੱਚ ਬਹੁਤ
ਜ਼ਿਆਦਾ ਸ਼ੂਗਰ ਰਹਿ ਜਾਂਦੀ ਹੈ।**




ਇਸ ਨਾਲ ਸਿਹਤ ਸਬੰਧੀ
ਵੱਡੀਆਂ ਸਮੱਸਿਆਵਾਂ ਹੋ ਸਕਦੀਆਂ ਹਨ,
ਜਿਵੇਂ ਕਿ **ਗੁਰਦਿਆਂ ਦੀ ਬਿਮਾਰੀ, ਨਜ਼ਰ
ਕਮਜ਼ੋਰ ਹੋਣੀ ਅਤੇ ਦਿਲ ਦੀ ਬਿਮਾਰੀ।**




ਇਸ ਲਈ ਟਾਈਪ 2 ਡਾਇਅਬੀਟੀਜ਼
ਦੇ ਮਰੀਜ਼ਾਂ ਵਿੱਚ ਜਦੋਂ ਖਾਣ ਵਾਲੀਆਂ
ਦਵਾਈਆਂ ਨਾਲ ਡਾਇਅਬੀਟੀਜ਼
ਕੰਟ੍ਰੋਲ ਨਹੀਂ ਹੁੰਦੀ ਤਾਂ ਉਹਨਾਂ ਨੂੰ
**ਰੋਜ਼ਾਨਾ ਬਾਹਰੀ ਇਨਸੁਲਿਨ ਦੇਣਾ ਪੈਂਦਾ ਹੈ,**
ਤਾਂ ਜੋ ਬਲੱਡ ਸ਼ੁਗਰ ਦਾ ਪੱਧਰ
ਆਮ ਰੇਂਜ ਵਿੱਚ ਰੱਖਿਆ ਜਾ ਸਕੇ।



**ਬਾਹਰੀ ਇਨਸੁਲਿਨ** ਵਾਲਾ ਇਲਾਜ ਬੱਸ **ਉਸ ਇਨਸੁਲਿਨ ਦਾ ਵਿਕਲਪ** ਹੈ ਜੋ ਸਰੀਰ ਆਮ ਤੌਰ ਤੇ ਬਣਾਉਂਦਾ ਹੈ ਅਤੇ ਇਹ ਸਰੀਰ ਲਈ ਮੁਆਫ਼ਿਕ ਹੁੰਦਾ ਹੈ।




ਜਦੋਂ ਸ਼ਨਾਖ਼ਤ ਹੋਣ ਤੋਂ ਬਾਅਦ ਇਨਸੁਲਿਨ ਛੇਤੀ ਸ਼ੁਰੂ ਕੀਤਾ ਜਾਂਦਾ ਹੈ, ਤਾਂ ਇਹ **ਇਨਸੁਲਿਨ ਬਣਾਉਣ ਵਾਲੇ ਸੈਲਾਂ ਨੂੰ ਆਰਾਮ ਦੇਣ ਅਤੇ ਸੁਰੱਖਿਅਤ ਰੱਖਣ ਵਿੱਚ ਮਦਦ ਕਰੇਗਾ** ਅਤੇ ਡਾਇਅਬੀਟੀਜ਼ ਨਾਲ ਜੁੜੀਆਂ ਸਮੱਸਿਆਵਾਂ ਨੂੰ ਰੋਕੇਗਾ।



## ਅੱਜ ਕਈ ਤਰ੍ਹਾਂ ਦੇ ਇਨਸੁਲਿਨ ਮਿਲਦੇ ਹਨ।

ਤੁਹਾਨੂੰ ਕਿਸ ਤਰ੍ਹਾਂ ਦਾ ਇਨਸੁਲਿਨ ਚਾਹੀਦਾ ਹੈ ਅਤੇ ਕਿੰਨੇ ਵਾਰੀ ਦੇਣਾ ਹੈ, ਇਸ ਦਾ ਫ਼ੈਸਲਾ ਤੁਹਾਡਾ ਡਾਕਟਰ ਤੁਹਾਡੀ ਜੀਵਨ-ਸ਼ੈਲੀ ਅਤੇ ਬਲੱਡ ਸ਼ੁਗਰ ਦੇ ਪੱਧਰਾਂ ਅਤੇ ਦੂਜੀਆਂ ਦਵਾਈਆਂ ਤੇ ਵਿਚਾਰ ਕਰਕੇ ਕਰੇਗਾ।




ਉੱਪਰ ਦਿੱਤੀ ਤਸਵੀਰ ਕੇਵਲ ਪ੍ਰਦਰਸ਼ਨ ਲਈ ਹੈ।



"ਯਾਦ ਰੱਖੋ **ਇਨਸੁਲਿਨ ਇਕ ਸੁਰੱਖਿਅਤ ਅਤੇ ਭਰੋਸੇਮੰਦ ਮਿੱਤਰ ਹੈ,** ਜੋ ਖੁਸ਼ਹਾਲ, ਲੰਬੀ ਅਤੇ ਸਿਹਤਮੰਦ ਜੀਵਨ ਜਿਉਣ ਵਿੱਚ ਤੁਹਾਡੀ ਮਦਦ ਕਰੇਗਾ।"

# MyCARE

ਹਰ ਕਦਮ, ਮੇਰੇ ਨਾਲ

## ਸੰਦਰਭ


1. ਡਾਇਅਬੀਟੀਜ਼ ਕੀ ਹੈ CDC (2021). 6 ਜੁਲਾਈ 2022 ਨੂੰ https://www.cdc.gov/diabetes/basics/diabetes.html#:~:text=Diabetes%20is%20a%20chronic%20(long,your%20pancreas%20to%20release%20Insulin ਤੋਂ ਰਿਟ੍ਰੀਵ ਕੀਤਾ ਗਿਆ।

2. ਇਕ ਅਦਭੁੱਤ ਕਹੀ ਜਾਣ ਵਾਲੀ ਚੀਜ਼ ਇਨਸੁਲਿਨ ਦਾ ਇਤਿਹਾਸ | ਏਡੀਏ। Diabetes.org. (2019). 6 ਜੁਲਾਈ 2022 ਨੂੰ https://www.diabetes.org/blog/history-wonderful-thing-we-call-insulin#:~:text=In%201921%2C%20a%20young%20surgeon,millions%20of%20people%20with%20diabetes ਤੋਂ ਰਿਟ੍ਰੀਵ ਕੀਤਾ ਗਿਆ।



**Disclaimer:**
"The guide/presentation/content/literature is for general information, guidance and educational purposes only and is not complete or exhaustive. The guide/presentation/content/literature is not intended or implied to replace or substitute any current practice and or advice/guidance/diet provided by healthcare professionals. This guide/presentation/content/literature does not constitute any treatment/therapy/medication/diet/opinions for any patients who are on diabetes medication, the patients are required to prior consult their healthcare professional before acting on any change on treatment/therapy/ medication/diet and or opions. USV Private Limited makes no representations as to accuracy, completeness, correctness, suitability or validity of any information contained in this guide/presentation/content/literature and will not be liable for any losses, injuries or damages arising from its use."

ਜਨਹਿਤ ਵਿੱਚ ਜਾਰੀਕਰਤਾ USV